**Punjabi/ ਪੰਜਾਬੀ**

# ਉਸਾਰੀ ਕਾਮਿਆਂ ਦੇ ਅਧਿਕਾਰ

SCA ਪ੍ਰੋਜੈਕਟਾਂ ਉੱਤੇ ਕਵਰ ਕੀਤਾ ਗਿਆ ਉਸਾਰੀ ਦਾ ਕੰਮ ਕਰਨ ਵਾਲੇ ਕਾਮਿਆਂ ਨੂੰ ਉਨ੍ਹਾਂ ਵੱਲੋਂ ਕੀਤੇ ਜਾਣ ਵਾਲੇ ਕੰਮ ਦੀ ਟਰੇਡ ਸ਼੍ਰੇਣੀ ਅਨੁਸਾਰ ਲਾਗੂ ਪ੍ਰਚਲਿਤ ਮਜ਼ਦੂਰੀ ਦਰ (Prevailing Wage) ਅਤੇ ਪੂਰਕ ਲਾਭ (Supplemental Benefits) ਪ੍ਰਾਪਤ ਕਰਨ ਦਾ ਅਧਿਕਾਰ ਹੈ, ਜਿਵੇਂ ਕਿ ਕਾਰਪੈਂਟਰ (Carpenter), ਇਲੈਕਟ੍ਰੀਸ਼ੀਅਨ (Electrician), ਲੇਬਰਰ (Laborer), ਜਾਂ ਪਲੰਬਰ (Plumber)। ਨਿਊਯਾਰਕ ਸਿਟੀ ਵਿੱਚ ਉਸਾਰੀ ਦੇ ਕੰਮ ਲਈ ਪ੍ਰਚਲਿਤ ਮਜ਼ਦੂਰੀ ਦਰਾਂ ਅਤੇ ਪੂਰਕ ਲਾਭਾਂ ਦੀਆਂ ਦਰਾਂ ਨਿਊਯਾਰਕ ਸਿਟੀ ਕੰਪਟਰੋਲਰ ਦੇ ਦਫ਼ਤਰ (Office of the New York City Comptroller) ਵੱਲੋਂ ਨਿਰਧਾਰਤ ਕੀਤੀਆਂ ਜਾਂਦੀਆਂ ਹਨ ਅਤੇ ਸਮੇਂ-ਸਮੇਂ 'ਤੇ ਅਪਡੇਟ ਕੀਤੀਆਂ ਜਾਂਦੀਆਂ ਹਨ।

ਕਾਮੇ ਓਵਰਟਾਈਮ, ਸ਼ਿਫਟ, ਹਫ਼ਤੇ ਦੇ ਅੰਤ ਅਤੇ ਛੁੱਟੀ ਵਾਲੇ ਦਿਨਾਂ ਲਈ ਵਾਧੂ ਭੁਗਤਾਨ (premium pay) ਦੇ ਵੀ ਹੱਕਦਾਰ ਹੋ ਸਕਦੇ ਹਨ। ਇਹ ਉਨ੍ਹਾਂ ਦੀ ਟਰੇਡ ਸ਼੍ਰੇਣੀ, ਕੰਮ ਕੀਤੇ ਘੰਟਿਆਂ ਅਤੇ ਦਿਨਾਂ, ਅਤੇ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਪ੍ਰੋਜੈਕਟ SCA ਦੇ ਪ੍ਰੋਜੈਕਟ ਲੇਬਰ ਐਗਰੀਮੈਂਟ (Project Labor Agreement ਜਾਂ PLA) ਦੇ ਅਧੀਨ ਹੈ ਜਾਂ ਨਹੀਂ। SCA ਦੀ ਲੇਬਰ ਲਾਅ ਕੰਪਲਾਇੰਸ ਡਿਵੀਜ਼ਨ (Labor Law Compliance Division ਜਾਂ LLC) ਪ੍ਰਚਲਿਤ ਮਜ਼ਦੂਰੀ ਕਾਨੂੰਨਾਂ, SCA ਦੀਆਂ ਠੇਕਾ-ਸਬੰਧੀ ਲੋੜਾਂ ਅਤੇ SCA ਦੇ PLAs ਦੀ ਪਾਲਣਾ ਦੀ ਨਿਗਰਾਨੀ ਕਰਦੀ ਹੈ ਅਤੇ ਉਨ੍ਹਾਂ ਨੂੰ ਲਾਗੂ ਕਰਦੀ ਹੈ।

ਪ੍ਰਚਲਿਤ ਮਜ਼ਦੂਰੀ ਦਰਾਂ, ਪੂਰਕ ਲਾਭਾਂ, ਓਵਰਟਾਈਮ ਅਤੇ ਵਾਧੂ ਭੁਗਤਾਨ, SCA ਦੇ ਪ੍ਰੋਜੈਕਟ ਲੇਬਰ ਐਗਰੀਮੈਂਟਾਂ (PLAs), ਅਤੇ ਲੇਬਰ ਲਾਅ ਕੰਪਲਾਇੰਸ ਡਿਵੀਜ਼ਨ (LLC) ਬਾਰੇ ਹੋਰ ਵਿਸਥਾਰਪੂਰਵਕ ਜਾਣਕਾਰੀ ਇਸ ਵੈੱਬਪੇਜ ਅਤੇ ਨਾਲ ਨੱਥੀ ਕੀਤੇ ਦਸਤਾਵੇਜ਼ਾਂ ਵਿੱਚ ਉਪਲਬਧ ਹੈ।